# ਬਗਾਵਤ (Revolution)

ਅਸੀ ਤੇਰੇ ਪਿਛੇ ਘੱਰਦਿਆ ਨਾਲ ਬਗਾਵਤ ਕਰ ਬੈਠੇ ।
ਅਸੀ ਤੈਨੂੰ ਕਰਦਿਆ ਪਿਆਰ, ਸਾਬਤ ਕਰ ਬੈਠੇ ।

ਕੌਣ ਚਾਹੁੰਦਾ ਲੱੜਨਾ,
ਅਸੀ ਤੇਰੇ ਪਿਛੇ ਘਰਦਿਆ ਨਾਲ ਲੜਾਈ ਕਰ ਬੈਠੇ ।
ਕੌਣ ਚਾਹੁੰਦਾ ਰੋਣਾ,
ਅਸੀ ਤੇਰੇ ਪਿਛੇ ਅੱਖਾ ਹੰਝੂਆ ਨਾਲ ਭਰ ਬੈਠੇ ।

ਅਸੀ ਤੇਰੇ ਪਿਛੇ ਘੱਰਦਿਆ ਨਾਲ ਬਗਾਵਤ ਕਰ ਬੈਠੇ ।
ਅਸੀ ਤੈਨੂੰ ਕਰਦਿਆ ਪਿਆਰ, ਸਾਬਤ ਕਰ ਬੈਠੇ ।

ਕੌਣ ਖਿਚਵਾਉਦਾ ਕੰਨ ਕਿਸੇ ਤੋ,
ਅਸੀ ਤੇਰੇ ਪਿਛੇ ਕੰਨਾ ਚ ਗਲੀਆ ਕਰ ਬੈਠੇ ।
ਕੌਣ ਚਾਹੁੰਦਾ ਮੰਗਣਾ,
ਪਰ ਅਸੀ ਮੰਗਣ ਲਈ ਹਮੇਸਾ ਤੇਰੇ ਦਰ ਬੈਠੇ ।

ਅਸੀ ਤੇਰੇ ਪਿਛੇ ਘੱਰਦਿਆ ਨਾਲ ਬਗਾਵਤ ਕਰ ਬੈਠੇ ।
ਅਸੀ ਤੈਨੂੰ ਕਰਦਿਆ ਪਿਆਰ, ਸਾਬਤ ਕਰ ਬੈਠੇ ।

ਦਿਲ ਦਰਿਆ ਸਮੁੰਦਰੋ ਡੂਗੇ,
ਜਿਹਨਾ ਵਿਚ ਅਸੀ ਤੇਰੇ ਪਿਛੇ ਵੜ ਬੈਠੇ।
ਹਰ ਕੋਈ ਡੁਬਣੋ ਡੱਰਦਾ,
ਅਸੀ ਤੇਰੇ ਪਿਛੇ ਹਰ ਪੱਤਣ ਚ' ਤਰ ਬੈਠੇ ।

July 7, 2007

**Revolution**

ਅਸੀ ਤੇਰੇ ਪਿਛੇ ਘੱਰਦਿਆ ਨਾਲ ਬਗਾਵਤ ਕਰ ਬੈਠੇ ।
ਅਸੀ ਤੈਨੂੰ ਕਰਦਿਆ ਪਿਆਰ, ਸਾਬਤ ਕਰ ਬੈਠੇ ।

ਲੋਕਾ ਨੇ ਲਾਈਆ ਤੂਹਮਤਾ,
ਅਸੀ ਉਹ ਵੀ ਬੱੜੀਆ ਜਰ ਬੈਠੇ ।
ਕੌਣ ਚਾਹੁੰਦਾ ਬਦਨਾਮੀ,
ਅਸੀ ਆਪਣੇ ਆਪ ਨੂੰ ਬਦਨਾਮ ਕਰ ਬੈਠੇ ।

ਅਸੀ ਤੇਰੇ ਪਿਛੇ ਘੱਰਦਿਆ ਨਾਲ ਬਗਾਵਤ ਕਰ ਬੈਠੇ ।
ਅਸੀ ਤੈਨੂੰ ਕਰਦਿਆ ਪਿਆਰ, ਸਾਬਤ ਕਰ ਬੈਠੇ ।

ਹਰ ਕੋਈ ਚਾਹੁੰਦਾ ਪੱੜਨਾ,
ਅਸੀ ਤੇਰੇ ਪਿਛੇ ਪੜਾਈ ਬੰਦ ਕਰ ਬੈਠੇ ।
**Sarjinder** ਤੈਨੂੰ ਪਾਉਣ ਦੇ,
ਅਸੀ ਹਰ ਤਰਾ ਦੇ ਦਾਅਵੇ-ਵਾਅਦੇ ਕਰ ਬੈਠੇ ।

ਅਸੀ ਤੇਰੇ ਪਿਛੇ ਘੱਰਦਿਆ ਨਾਲ ਬਗਾਵਤ ਕਰ ਬੈਠੇ ।
ਅਸੀ ਤੈਨੂੰ ਕਰਦਿਆ ਪਿਆਰ, ਸਾਬਤ ਕਰ ਬੈਠੇ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**July 7, 2007**